Punjabi

Engaging our parents and carers



NSW ਦਾ ਸਿਖਿਆ ਵਿਭਾਗ

# ਸਾਡੇ ਮਾਪਿਆਂ ਅਤੇ ਸੰਭਾਲਕਾਂ ਨੂੰ ਸ਼ਾਮਲ ਕਰਨਾ

## ਸਾਰਿਆਂ ਲਈ ਬਿਹਤਰ ਸਿੱਖਿਆ ਪ੍ਰਦਾਨ ਕਰਨ ਲਈ

education.nsw.gov.au

NSW GOVERNMENT

# ਮੇਰੀ ਭੂਮਿਕਾ ਕੀ ਹੈ?

ਇੱਕ ਮਾਤਾ ਪਿਤਾ ਜਾਂ ਸੰਭਾਲਕ ਹੋਣ ਵਜੋਂ, ਤੁਹਾਡੀ ਸ਼ਮੂਲੀਅਤ ਤੁਹਾਡੇ ਬੱਚੇ ਦੀ ਸਿੱਖਣ ਯਾਤਰਾ ਅਤੇ ਸਿੱਖਿਆ ਦੇ ਨਤੀਜਿਆਂ ਲਈ ਮਹੱਤਵਪੂਰਣ ਹੈ। ਤੁਹਾਡੇ ਬੱਚੇ ਦੀ ਸਿੱਖਿਆ ਵਿੱਚ ਸ਼ਾਮਲ ਹੋਣ ਦੇ ਸਹਾਇਕ ਤਰੀਕਿਆਂ ਵਿੱਚ ਸ਼ਾਮਲ ਹਨ:

- ਉਹਨਾਂ ਦੇ ਸਿੱਖਿਆ ਦੇ ਟੀਚਿਆਂ ਅਤੇ ਇਛਾਵਾਂ ਨੂੰ ਸਮਝਣਾ, ਭਾਵੇਂ ਅਕਾਦਮਿਕ, ਸਮਾਜਿਕ, ਤੰਦਰੁਸਤੀ ਜਾਂ ਇਸ ਤੋਂ ਵੀ ਪਰੇ ਹੋਣ
- ਤੁਹਾਡੇ ਬੱਚੇ ਦੀਆਂ ਦਿਲਚਸਪੀਆਂ ਅਤੇ ਸਕੂਲ ਵਿੱਚ ਉਹ ਕੀ ਸਿੱਖ ਰਹੇ ਹਨ, ਇਨ੍ਹਾਂ  ਨਾਲ ਜੁੜ ਕੇ ਘਰ ਵਿੱਚ ਸਿੱਖਣ ਨੂੰ ਮਜਬੂਤ ਕਰਨ ਦੇ ਤਰੀਕੇ ਲੱਭਣੇ। NSW ਸਿੱਖਿਆ ਮਿਆਰਾਂ (NSW Education Standards) ਦੇ ਮੌਜੂਦਾ ਪਾਠਕ੍ਰਮ ਅਤੇ ਸ੍ਰੋਤਾਂ ਦੇ ਲਿੰਕ ਤੱਕ ਪਹੁੰਚ ਕਰੋ ਤਾਂ ਜੋ ਘਰ ਵਿੱਚ ਤੁਹਾਡੇ ਬੱਚੇ ਦੀ ਸਿਖਲਾਈ ਦਾ ਸਮਰਥਨ ਕੀਤਾ ਜਾ ਸਕੇ।
- ਤੁਹਾਡੇ ਬੱਚੇ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਸਿੱਖਅਕਾਂ ਅਤੇ ਸਟਾਫ ਨਾਲ ਮਿਲ ਕੇ ਕੰਮ ਕਰਨਾ
- ਆਪਣੇ ਸਕੂਲ ਜਾਂ ਫੀਡਬੈਕ ਦੇ ਹੋਰ ਚੈਨਲਾਂ ਰਾਹੀਂ ਸਤਿਕਾਰ ਨਾਲ ਤਾਰੀਫਾਂ, ਫੀਡਬੈਕ ਜਾਂ ਸੁਝਾਅ ਸਾਂਝੇ ਕਰਨਾ।

## ਤੁਹਾਡੀ ਜ਼ਿੰਮੇਵਾਰੀ

ਤੁਸੀਂ ਸਾਡੇ ਵਿਦਾਰਥੀਆਂ ਲਈ ਇੱਕ ਸਕਾਰਾਤਮਕ ਸਿੱਖਣ ਦਾ ਦਾ ਮਹੌਲ ਸਿਰਜ ਕੇ ਅਤੇ NSW ਦੇ ਜਨਤਕ ਸਕੂਲਾਂ ਦੇ ਨਾਲ ਸਨਮਾਨਜਨਕ ਤਰੀਕੇ ਨਾਲ ਜੁੜ ਕੇ ਆਪਣੇ ਬੱਚੇ ਦੀ ਸਿੱਖਿਆ ਦਾ ਸਮਰਥਨ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹੋ। ਇਸ ਵਿੱਚ ਸ਼ਾਮਲ ਹੈ:

- ਸਿੱਖਿਆ ਪ੍ਰਦਾਨ ਕਰਨ ਵਾਲਿਆਂ ਅਤੇ ਸਕੂਲ ਦੇ ਕਰਮਚਾਰੀਆਂ ਨਾਲ ਆਦਰ ਸਤਿਕਾਰ ਨਾਲ ਪੇਸ਼ ਆਉਣਾ
- ਵਾਤਾਵਰਣ ਅਤੇ ਸਕੂਲ ਦੇ ਕਰਮਚਾਰੀਆਂ ਦੇ ਕੰਮ ਦੀਆਂ  ਮਜਬੂਰੀਆਂ ਨੂੰ ਸਮਝਣਾ, ਜਿਸ ਵਿੱਚ ਉਨ੍ਹਾ ਦੇ ਕੰਮ ਕਰਨ ਦੇ ਘੰਟਿਆਂ ਅਤੇ ਉਪਲਬਧਤਾ ਵੀ ਸ਼ਾਮਲ ਹੈ
- ਅਜਿਹੇ ਤਰੀਕੇ ਨਾਲ ਕੰਮ ਕਰਨਾ ਜੋ  ਇੱਕ ਸੁਰੱਖਿਅਤ ਅਤੇ ਸੁਆਗਤ ਕਰਨ ਵਾਲਾ ਮਹੌਲ ਬਣਾਏ
- ਤੁਹਾਡੇ ਬੱਚੇ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਨਾਲ ਸਾਂਝੀਦਾਰੀ ਵਿੱਚ ਕੰਮ ਕਰਨਾ
- ਲੋੜ ਅਨੁਸਾਰ ਅਤੇ ਜਿੱਥੇ ਉਚਿਤ ਹੋਵੇ, ਸਕੂਲੀ ਸਮੱਗਰੀਆਂ, ਨੀਤੀਆਂ ਅਤੇ ਸੂਚਨਾਵਾਂ ਨਾਲ ਜੁੜਨਾ
- ਵਿਦਿਆਰਥੀਆਂ ਅਤੇ ਕਰਮਚਾਰੀਆਂ ਦੀ ਭਲਾਈ ਨੂੰ ਤਰਜੀਹ ਦੇਣੀ।

ਆਪਣੀ ਜ਼ਿੰਮੇਵਾਰੀ ਅਤੇ ਤੁਹਾਡੀ ਆਪਣੀ ਭੂਮਿਕਾ ਬਾਰੇ ਸਕੂਲ ਕਮਯੁਨਿਟੀ ਚਾਰਟਰ (School Community Charter) ਨੂੰ ਪੜ੍ਹੋ।



# ਮਾਪੇ ਅਤੇ ਸੰਭਾਲਕ ਬੱਚੇ ਦੇ ਪਹਿਲੇ ਸਿੱਖਿਅਕ ਹੁੰਦੇ ਹਨ।

## ਉਹ ਆਪਣੇ ਬੱਚਿਆ ਨੂੰ ਸਹਾਇਤਾ, ਕਦਰਾ-ਕੀਮਤਾਂ ਅਤੇ ਜੀਵਨ ਭਰ ਦੇ ਸਬਕ ਪ੍ਰਦਾਨ ਕਰਦੇ ਹਨ।

ਇਸ ਦੇ ਨਾਲ ਹੀ, ਬੱਚੇ ਅਧਿਆਪਕਾਂ ਦੀ ਮੁਹਾਰਤ ਅਤੇ ਇੱਕ ਢਾਂਚਾਗ੍ਰਸਤ ਸਿੱਖਣ ਦੇ ਮਾਹੌਲ ਤੋਂ ਲਾਭ ਉਠਾਉਂਦੇ ਹਨ।

ਖੋਜ ਦਰਸਾਉਂਦੀ ਹੈ ਕਿ ਸਕੂਲ ਵਿੱਚ ਆਪਣੇ ਬੱਚੇ ਦੀ ਸਿੱਖਿਆ ਵਿੱਚ ਮਾਪਿਆਂ ਅਤੇ ਸੰਭਾਲਕਾਂ ਨੂੰ ਸ਼ਾਮਲ ਕਰਨ ਨਾਲ ਬਿਹਤਰ ਵਿਦਿਅਕ ਅਤੇ ਤੰਦਰੁਸਤੀ ਦੇ ਨਤੀਜੇ ਨਿਕਲਦੇ ਹਨ।

ਇਸ ਲਈ ਅਸੀਂ ਸਿੱਖਿਆ ਦੇ ਭਾਈਚਾਰਿਆਂ ਵਿੱਚ, ਸਿੱਖਿਆਰਥੀਆਂ, ਮਾਪਿਆਂ ਅਤੇ ਸੰਭਾਲਕਾਂ ਸਟਾਫ ਵਿੱਚਕਾਰ, ਰੁਝੇਵਿਆਂ ਅਤੇ ਸਕਾਰਾਤਮਕ ਸਿੱਖਣ ਅਤੇ ਤੰਦਰੁਸਤੀ ਦੇ ਨਤੀਜਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਕਰਨ ਲਈ ਮਜ਼ਬੂਤ ਭਾਈਵਾਲੀਆਂ ਬਣਾ ਰਹੇ ਹਾਂ।

**ਮਜਬੂਤ ਭਾਈਵਾਲੀਆਂ ਉਦੋਂ ਬਣਦੀਆਂ ਹਨ ਜਦੋਂ ਮਾਪੇ, ਸੰਭਾਲਕ, ਸਿਖਿਆ ਪ੍ਰਦਾਨ ਕਰਨ ਵਾਲੇ ਅਤੇ ਸਟਾਫ ਮਿਲ ਕੇ ਆਪਸੀ ਸਤਿਕਾਰ ਨਾਲ ਕੰਮ ਕਰਦੇ ਹਨ ਅਤੇ ਇਸ ਗੱਲ ਦੀ ਸਾਂਝੀ ਸਮਝਦਾਰੀ ਨਾਲ ਕੰਮ ਕਰਦੇ ਹਨ ਕਿ ਉਹਨਾਂ ਦੁਆਰਾ ਸਮਰਥਨ ਕਰਨ ਵਾਲੇ ਸਿੱਖਿਆਰਥੀਆਂ ਦੇ ਸਭ ਤੋਂ ਉਤਮ ਹਿੱਤ ਵਿੱਚ ਕੀ ਹੈ।**

### ਸਾਡੀ ਵਚਨਬੱਧਤਾ

ਅਸੀਂ ਆਸਟ੍ਰੇਲੀਆ ਦੀ ਸਭ ਤੋਂ ਵਧੀਆ ਸਿੱਖਿਆ ਪ੍ਰਣਾਲੀ ਅਤੇ ਦੁਨੀਆਂ ਦੀ ਸਭ ਤੋਂ ਉੱਤਮ ਸਿੱਖਿਆ ਪ੍ਰਣਾਲੀ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਆਪਣੇ ਸਿਖਿਆਰਥੀਆਂ ਨੂੰ ਇੱਕ ਗੁੰਝਲਦਾਰ ਅਤੇ ਗਤੀਸ਼ੀਲ ਸਮਾਜ ਵਿੱਚ ਰੁੱਝੇ ਹੋਏ ਨਾਗਰਿਕਾਂ ਦੇ ਰੂਪ ਵਿੱਚ ਇੱਕ ਵੱਧੀਆ ਜੀਵਨ ਲਈ ਤਿਆਰ ਕਰ ਰਹੇ ਹਾਂ।

ਸਕੂਲ ਚੱਲ ਰਹੇ ਸੁਧਾਰ ਲਈ ਵਚਨਬੱਧ ਹਨ ਜਿਸ ਵਿੱਚ ਮਾਪਿਆਂ ਅਤੇ ਸੰਭਾਲਕਾਂ ਦੇ ਨਾਲ-ਨਾਲ ਬਾਕੀ ਭਾਈਚਾਰੇ ਦੇ ਨਾਲ ਸਕਾਰਾਤਮਕ ਭਾਈਵਾਲੀ ਬਣਾਉਣੀ ਵੀ ਸ਼ਾਮਲ ਹੈ।

ਇਸ ਕੰਮ ਬਾਰੇ ਸਾਡੇ ਸਕੂਲ ਵਿਸ਼ੇਸ਼ਟਤਾ ਢਾਂਚਾ (Schools Excellence Framework) ਬਾਰੇ ਹੋਰ ਜਾਣੋ।

# ਪ੍ਰਭਾਵਸ਼ਾਲੀ ਸ਼ਮੂਲੀਅਤ ਦੇ 5 ਸਿਧਾਂਤ

## ਅਸੀਂ ਪੰਜ ਮਾਰਗਦਰਸ਼ਕ ਸਿਧਾਂਤਾਂ ਰਾਹੀਂ ਮਾਤਾ-ਪਿਤਾ ਅਤੇ ਸੰਭਾਲਕਾਂ ਨਾਲ ਸ਼ਮੂਲੀਅਤ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਾਂ।

### ਮੈਨੂੰ ਪਹੁੰਚ ਦਿਓ

ਇੱਕ ਸੁਰੱਖਿਅਤ ਅਤੇ ਸਵਾਗਤ ਕਰਨ ਵਾਲਾ ਵਾਤਾਵਰਣ ਪ੍ਰਦਾਨ ਕਰਨਾ

ਮੇਰੇ ਲਈ ਭਾਗ ਲੈਣਾ ਆਸਾਨ ਬਣਾਉਣਾ

ਵਾਤਾਵਰਣ ਨੂੰ ਸਮਝਣ ਲਈ ਮੇਰਾ ਸਮਰਥਨ ਕਰਨਾ

### ਮੇਰੇ ਨਾਲ ਖੁਲ੍ਹ ਕੇ ਗੱਲਬਾਤ ਕਰੋ

ਮੈਨੂੰ ਸੂਚਿਤ ਰੱਖੋ ਅਤੇ ਮੇਰੇ ਲਈ ਸਮਝਣਾ ਆਸਾਨ ਬਣਾਓ

ਮੇਰੇ ਲਈ ਤੁਹਾਡੇ ਨਾਲ ਗੱਲਬਾਤ ਕਰਨੀ ਆਸਾਨ ਬਣਾਓ

ਸਮੇਂ ਸਿਰ ਜਵਾਬ ਦਿਓ

### ਮੇਰੇ ਸਾਥੀ ਬਣੋ

ਇਸ ਬਾਰੇ ਸਪੱਸ਼ਟ ਰਹੋ ਕਿ ਮੈਂ ਕੀ ਉਮੀਦ ਕਰ ਸਕਦਾ ਹਾਂ ਅਤੇ ਮੇਰੇ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ

ਸਾਂਝੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮੇਰੇ ਨਾਲ ਭਾਈਵਾਲੀ ਕਰੋ

ਸਾਡੀਆਂ ਚਰਚਾਵਾਂ ਦੀ ਪੈਰਵੀ (ਫਾਲੋ-ਅੱਪ) ਕਰੋ

### ਮੇਰੀ ਸਥਿਤੀ ਨੂੰ ਸਮਝੋ

ਮੇਰੀ ਅਵਾਜ਼ ਸੁਣੋ

ਮੇਰੇ ਦ੍ਰਿਸ਼ਟੀਕੋਣ ਨੂੰ ਸੱਦਾ ਦਿਓ

ਦਿਖਾਓ ਕੀ ਤੁਸੀਂ ਮੇਰੇ ਵਿਅਕਤੀਗਤ ਹਾਲਾਤਾਂ ਨੂੰ ਸਮਝਦੇ ਹੋ

### ਮੇਰੀਆਂ ਚੋਣਾਂ ਨੂੰ ਮਾਰਗ ਦਰਸ਼ਨ ਦਿਖਾਓ (ਗਾਈਡ ਕਰੋ)

ਸਪੱਸ਼ਟ ਤੌਰ 'ਤੇ ਮੇਰੀਆਂ ਚੋਣਾਂ ਦੀ ਵਿਆਖਿਆ ਕਰੋ

ਇਸ ਬਾਰੇ ਸਪੱਸ਼ਟ ਰਹੋ ਕਿ ਫੈਸਲੇ ਕਿਵੇਂ ਲਏ ਜਾਂਦੇ ਹਨ

ਮੈਨੂੰ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਕਰੋ



# ਮੈਨੂੰ ਪਹੁੰਚ ਦਿਓ

**ਪ੍ਰਭਾਵਸ਼ਾਲੀ ਸ਼ਮੂਲੀਅਤ ਆਸਾਨ ਪਹੁੰਚ 'ਤੇ ਨਿਰਭਰ ਕਰਦੀ ਹੈ। ਇਸ ਦਾ ਮਤਲਬ ਹੈ ਕਿ ਮਾਪਿਆਂ ਅਤੇ ਸੰਭਾਲਕਾਂ ਨੂੰ ਸੁਆਗਤ ਅਤੇ ਸੁਰੱਖਿਅਤ ਮਹਿਸੂਸ ਕਰਨ ਦੀ ਲੋੜ ਹੈ। ਉਹਨਾਂ ਨੂੰ ਸਾਰੇ ਵੱਖ-ਵੱਖ ਤਰੀਕਿਆਂ ਨਾਲ ਸ਼ਾਮਲ ਹੋਣ ਦੇ ਮੌਕੇ ਵੀ ਚਾਹੀਦੇ ਹਨ।**

## ਇੱਕ ਸੁਰੱਖਿਅਤ ਅਤੇ ਸੁਆਗਤ ਕਰਨ ਵਾਲਾ ਵਾਤਾਵਰਣ ਪ੍ਰਦਾਨ ਕਰੋ

- ਮੈਂ ਆਪਣੇ ਬੱਚੇ ਦੇ ਸਕੂਲ ਦੇ ਸਬੰਧ ਵਿੱਚ, ਵਿਅਕਤੀਗਤ ਤੌਰ 'ਤੇ ਅਤੇ ਆਨਲਾਈਨ 'ਤੇ ਸੁਰੱਖਿਅਤ ਅਤੇ ਸਵਾਗਤ ਮਹਿਸੂਸ ਕਰਦਾ/ਕਰਦੀ ਹਾਂ
- ਮੈਂ ਆਪਣੇ ਬੱਚੇ ਦੀਆਂ ਲੋੜਾਂ ਬਾਰੇ ਕਿਸੇ ਵੀ ਚਿੰਤਾ ਜਾਂ ਬੇਨਤੀ ਬਾਰੇ ਗੱਲ ਕਰਨ ਵਿੱਚ ਸਹਿਜ ਮਹਿਸੂਸ ਕਰਦਾ/ਕਰਦੀ ਹਾਂ

## ਮੇਰੇ ਲਈ ਭਾਗ ਲੈਣਾ ਆਸਾਨ ਬਣਾਓ

- ਮੈਂ ਕਿਸੇ ਵੀ ਕੰਮ ਨੂੰ ਉਸ ਤਰੀਕੇ ਨਾਲ ਪੂਰਾ ਕਰ ਸਕਦਾ ਹਾਂ ਜੋ ਮੇਰੇ ਲਈ ਅਨੁਕੂਲ ਹੋਵੇ
- ਮੈਂ ਉਸ ਭਾਸ਼ਾ ਅਤੇ ਫਾਰਮੈਟ ਵਿੱਚ ਲੋੜੀਂਦੀ ਜਾਣਕਾਰੀ ਤੱਕ ਪਹੁੰਚ ਕਰ ਸਕਦਾ/ਸਕਦੀ ਹਾਂ ਜੋ ਮੈਂ ਸਮਝਦਾ/ਸਮਝਦੀ ਹਾਂ

## ਵਾਤਾਵਰਣ ਨੂੰ ਸਮਝਣ ਲਈ ਮੇਰਾ ਸਮਰਥਨ ਕਰੋ

- ਮੈਂ ਇਹ ਵੇਖਣ ਦੇ ਯੋਗ ਹਾਂ ਕਿ ਮੇਰਾ ਬੱਚਾ ਕੀ ਸਿੱਖ ਰਿਹਾ ਹੈ ਅਤੇ ਜਾਣਦਾ/ਜਾਣਦੀ ਹਾਂ ਕਿ ਮੈਂ ਉਨ੍ਹਾਂ ਦਾ ਸਮਰਥਨ ਕਿਵੇਂ ਕਰ ਸਕਦਾ/ਸਕਦੀ ਹਾਂ
- ਮੈਂ ਉਹਨਾਂ ਸਰੋਤਾਂ ਤੱਕ ਪਹੁੰਚ ਕਰ ਸਕਦਾ/ਸਕਦੀ ਹਾਂ ਜੋ ਇਹ ਸਮਝਣ ਵਿੱਚ ਮੇਰੀ ਸਹਾਇਤਾ ਕਰਦੇ ਹਨ ਕਿ ਸਕੂਲ ਵਿੱਚ ਕੀ ਹੋ ਰਿਹਾ ਹੈ



# ਮੇਰੇ ਨਾਲ ਖੁੱਲ੍ਹ ਕੇ ਗੱਲਬਾਤ ਕਰੋ

**ਖੁੱਲ੍ਹਾ ਸੰਚਾਰ ਮਾਪਿਆਂ, ਸੰਭਾਲਕਾਂ, ਸਿਖਿਅਕਾਂ ਅਤੇ ਸਟਾਫ ਵਿਚਕਾਰ ਵਿਸ਼ਵਾਸ ਪੈਦਾ ਕਰਦਾ ਹੈ। ਕੋਈ ਵਿਅਕਤੀ ਕਿਵੇਂ ਅਤੇ ਕਿੰਨਾ ਕੁ ਸੰਚਾਰ ਕਰਨਾ ਪਸੰਦ ਕਰਦਾ ਹੈ, ਇਹ ਵੱਖੋ-ਵੱਖਰਾ ਹੋਵੇਗਾ। ਇਸ ਲਈ ਇਸ ਬਾਰੇ ਲਚਕਦਾਰ ਹੋਣਾ ਮਹੱਤਵਪੂਰਣ ਹੈ ਕੀ ਅਸੀਂ ਕਿਵੇਂ ਸੰਚਾਰ ਕਰਦੇ ਹਾਂ।**

## ਮੈਨੂੰ ਸੂਚਿਤ ਰੱਖੋ ਅਤੇ ਮੇਰੇ ਲਈ ਸਮਝਣਾ ਆਸਾਨ ਬਣਾਓ

- ਮੇਰਾ ਬੱਚਾ ਕੀ ਕਰ ਰਿਹਾ ਹੈ, ਇਸ ਬਾਰੇ ਮੈਨੂੰ ਢੁਕਵੀਂ, ਸਪੱਸ਼ਟ ਅਤੇ ਸਮੇਂ ਸਿਰ ਜਾਣਕਾਰੀ ਮਿਲਦੀ ਹੈ, ਜਿਸ ਵਿੱਚ ਉਹ ਕਿਸੇ ਵੀ ਗਤੀਵਿਧੀਆਂ ਜਾਂ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹਨ
- ਮੈਨੂੰ ਮੇਰੇ ਬੱਚੇ ਦੇ ਸਿੱਖਣ, ਤੰਦਰੁਸਤੀ ਅਤੇ ਵਿਕਾਸ ਸਬੰਧੀ ਪ੍ਰਗਤੀ, ਅਤੇ ਪੈਦਾ ਹੋਣ ਵਾਲੇ ਮੁੱਦਿਆਂ ਬਾਰੇ ਸੂਚਿਤ ਪੈਦਾ ਕੀਤਾ ਜਾਂਦਾ ਹੈ

## ਮੇਰੇ ਲਈ ਤੁਹਾਡੇ ਨਾਲ ਗੱਲਬਾਤ ਕਰਨੀ ਆਸਾਨ ਬਣਾਓ

- ਮੈਂ ਆਸਾਨੀ ਨਾਲ ਸਿੱਖਿਅਕਾਂ ਅਤੇ ਸਟਾਫ ਨਾਲ ਗੱਲ ਕਰ ਸਕਦਾ/ਸਕਦੀ ਹਾਂ, ਅਤੇ ਸਹੀ ਵਿਅਕਤੀ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ
- ਮੈਂ ਆਸਾਨੀ ਨਾਲ ਫੀਡਬੈਕ ਸਾਂਝੀ ਕਰ ਸਕਦਾ/ਸਕਦੀ ਹਾਂ, ਜਿਸ ਵਿੱਚ ਮੇਰੀ ਕੋਈ ਵੀ ਤਾਰੀਫ ਜਾਂ ਸ਼ਿਕਾਇਤ ਸ਼ਾਮਲ ਹੋ ਸਕਦੀ ਹੈ

## ਸਮੇਂ ਸਿਰ ਜਵਾਬ ਮਿੱਲਣਾ

- ਜਦੋਂ ਮੈ ਆਪਣੇ ਬੱਚੇ ਦੇ ਸਕੂਲ ਨਾਲ ਗੱਲਬਾਤ ਕਰਦਾ ਹਾਂ ਤਾਂ ਮੈਨੂੰ ਸਮੇਂ ਸਿਰ ਅਤੇ ਸਤਿਕਾਰਿਤ ਜਵਾਬ ਪ੍ਰਾਪਤ ਹੁੰਦੇ ਹਨ



# ਮੇਰੇ ਨਾਲ ਸਾਂਝੀਵਾਲਤਾ ਬਣਾਓ

**ਜਦੋਂ ਸਿੱਖਿਅਕ ਅਤੇ ਸਟਾਫ ਮਾਤਾ-ਪਿਤਾ ਅਤੇ ਸੰਭਾਲਕਾਂ ਨਾਲ ਭਾਈਵਾਲੀ ਕਰਦੇ ਹਨ, ਤਾਂ ਹਰ ਕੋਈ ਵਿਚਾਰਾਂ ਅਤੇ ਅਨੁਭਵਾਂ ਦੀ ਵਿਭਿੰਨਤਾ ਤੋਂ ਲਾਭ ਪ੍ਰਾਪਤ ਕਰਦਾ ਹੈ। ਭਾਈਵਾਲੀ ਅਤੇ ਸਹਿਯੋਗ ਦੁਆਰਾ, ਪਰਿਵਾਰ ਅਤੇ ਸਿੱਖਿਅਕ ਮਹੱਤਵਪੂਰਣ ਜਾਣਕਾਰੀ ਪ੍ਰਾਪਤ ਕਰਦੇ ਹਨ ਜੋ ਸਾਡੇ ਬੱਚਿਆਂ ਨੂੰ ਸਫਲ ਹੋਣ ਵਿੱਚ ਸਹਾਇਤਾ ਕਰਦੀ ਹੈ।**

## ਇਸ ਬਾਰੇ ਸਪੱਸ਼ਟ ਰਹੋ ਕਿ ਮੈਂ ਕੀ ਕਰ ਸਕਦਾ ਹਾਂ ਅਤੇ ਮੇਰੇ ਤੋਂ ਕੀ ਉਮੀਦ ਕੀਤੀ ਜਾਂਦੀ ਹੈ

- ਮੈਂ ਸਪੱਸ਼ਟ ਤੌਰ 'ਤੇ ਸਮਝਦਾ/ਸਮਝਦੀ ਹਾਂ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ ਅਤੇ ਮੈਂ ਆਪਣੇ ਬੱਚੇ ਦੇ ਸਿੱਖਿਅਕਾਂ ਅਤੇ ਸਟਾਫ ਤੋਂ ਕੀ ਕਰਨ ਦੀ ਉਮੀਦ ਕਰ ਸਕਦਾ/ਸਕਦੀ ਹਾਂ
- ਮੈਨੂੰ ਦਿਖਾਇਆ ਗਿਆ ਹੈ ਕਿ ਮੇਰੇ ਬੱਚੇ ਦੇ ਸਿੱਖਣ ਅਤੇ ਵਿਕਾਸ ਵਿੱਚ ਮੈਨੂ ਸਹਾਇਤਾ ਕਿਵੇਂ ਕਰਨੀ ਚਾਹੀਦੀ ਹੈ

## ਸਾਂਝੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਮੇਰੇ ਨਾਲ ਭਾਈਵਾਲੀ ਕਰੋ

- ਮੈਨੂੰ ਮੇਰੇ ਬੱਚੇ ਨਾਲ ਟੀਚੇ ਤੈਅ ਕਰਨ ਵਿੱਚ ਮਦਦ ਮਿਲਦੀ ਹੈ
- ਮੈਂ ਇਹਨਾਂ ਸਾਂਝੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਆਪਣੇ ਬੱਚੇ ਦੇ ਸਿੱਖਿਅਕਾਂ ਅਤੇ ਸਟਾਫ ਨਾਲ ਸਾਂਝਦਾਰੀ ਵਿੱਚ ਕੰਮ ਕਰਦਾ/ਕਰਦੀ ਹਾਂ

## ਸਾਡੀਆਂ ਚਰਚਾਵਾਂ 'ਤੇ ਪੈਰਵੀ (ਫਾਲੋਂ-ਅੱਪ) ਕਰੋ

- ਮੈਂ ਸਹਿਮਤੀ ਅਨੁਸਾਰ ਕਿਸੇ ਵੀ ਕਾਰਵਾਈ ਨੂੰ ਪੂਰਾ ਕਰਨ 'ਤੇ ਭਰੋਸਾ ਕਰ ਸਕਦਾ/ਸਕਦੀ ਹਾਂ



# ਮੇਰੀ ਸਥਿਤੀ ਨੂੰ ਸਮਝੋ

**ਮਾਪੇ ਅਤੇ ਸੰਭਾਲਕ ਇਹ ਭਰੋਸਾ ਮਹਿਸੂਸ ਕਰਨਾ ਚਾਹੁੰਦੇ ਹਨ ਕਿ ਉਹਨਾਂ ਦੇ ਬੱਚੇ ਨੂੰ ਸਮਝਿਆ ਗਿਆ ਹੈ ਅਤੇ ਉਹਨਾਂ ਨੂੰ ਉਹਨਾਂ ਦੀ ਸਮਰੱਥਾ ਨੂੰ ਪ੍ਰਾਪਤ ਕਰਨ ਲਈ ਲੋੜੀਂਦਾ ਸਮਰਥਨ ਪ੍ਰਾਪਤ ਹੈ। ਵਿਸ਼ਵਾਸ ਸੰਚਾਰ, ਕਨੈਕਸ਼ਨ ਅਤੇ ਜਵਾਬਦੇਹੀ ਨਾਲ ਆਉਂਦਾ ਹੈ। ਬੱਚੇ ਦੀ ਪੜ੍ਹਾਈ ਦੌਰਾਨ ਵੱਖ -ਵੱਖ ਬਿੰਦੂਆਂ 'ਤੇ ਇੱਕ ਦੂਜੇ ਨੂੰ ਸਮਝਣ ਅਤੇ ਬੰਧਨ ਲਈ ਸਮਾਂ ਕੱਢਣਾ ਬਹੁਤ ਮਹੱਤਵਪੂਰਣ ਹੈ।**

### ਮੇਰੀ ਅਵਾਜ਼ ਸੁਣੋ

- ਮੈਨੂੰ ਪੁਛਿਆ ਗਿਆ ਹੈ ਕਿ ਮੇਰੇ ਲਈ ਕੀ ਮਹੱਤਵਪੂਰਣ ਹੈ ਅਤੇ ਮੈਂ ਆਪਣੇ ਫੀਡਬੈਕ ਦੇ ਨਤੀਜੇ ਵਜੋਂ ਕੀ ਹੁੰਦਾ ਦੇਖਣਾ ਚਾਹਾਂਗਾ

### ਮੇਰੇ ਦ੍ਰਿਸ਼ਟੀਕੋਣ ਨੂੰ ਸੱਦਾ ਦਿਓ

- ਮੇਰੇ ਬੱਚੇ ਦੀਆਂ ਲੋੜਾਂ ਬਾਰੇ ਮੇਰੇ ਵਿਚਾਰ ਸੁਣੇ ਜਾਂਦੇ ਹਨ ਅਤੇ ਉਹਨਾਂ ਦੀ ਕਦਰ ਕੀਤੀ ਜਾਂਦੀ ਹੈ

### ਦਿਖਾਓ ਕਿ ਤੁਸੀਂ ਮੇਰੇ ਵਿਅਕਤੀਗਤ ਹਾਲਾਤਾਂ ਨੂੰ ਸਮਝਦੇ ਹੋ

- ਮੇਰੇ ਬੱਚੇ ਅਤੇ ਮੇਰੇ ਵਿਅਕਤੀਗਤ ਹਾਲਾਂਤਾਂ ਨੂੰ ਸਮਝਾ ਅਤੇ ਵਿਚਾਰਿਆ ਜਾਂਦਾ ਹੈ
- ਮੇਰੇ ਸਭਿਆਚਾਰ ਨੂੰ ਸਤਿਕਾਰਿਆ ਜਾਂਦਾ ਹੈ



# ਮੇਰੀਆਂ ਚੋਣਾਂ ਦੀ ਪੈਰਵੀ (ਗਾਈਡ) ਕਰੋ

**ਮਾਪੇ ਅਤੇ ਸੰਭਾਲਕ ਜੋ ਫੈਸਲੇ ਲੈਂਦੇ ਹਨ ਅਤੇ ਜੋ ਸਮਰਥਨ ਉਹ ਆਪਣੇ ਬੱਚੇ ਦੀ ਸਿੱਖਿਆ ਦੁਆਰਾ ਪ੍ਰਦਾਨ ਕਰਦੇ ਹਨ, ਉਹਨਾਂ ਦੇ ਲੰਬੇ ਸਮੇਂ ਦੇ ਨਤੀਜੇ ਹੋ ਸਕਦੇ ਹਨ। ਇਹੀ ਕਾਰਨ ਹੈ ਕਿ ਉਹ ਫੈਸਲਾ ਲੈਣ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਮਾਪੇ ਅਤੇ ਸੰਭਾਲਕ ਆਪਣੇ ਬੱਚੇ ਦੀ ਸਥਿਤੀ ਨੂੰ ਪੇਸ਼ ਕਰਨ ਅਤੇ ਉਹਨਾਂ ਦੇ ਜੀਵਨ 'ਤੇ ਕਿਸੇ ਵੀ ਸੰਭਾਵੀ ਪ੍ਰਭਾਵਾਂ ਨੂੰ ਸਮਝਣ ਲਈ ਵਿਲੱਖਣ ਸਥਿਤੀ ਵਿੱਚ ਹੁੰਦੇ ਹਨ।**

### ਮੇਰੀਆਂ ਚੋਣਾਂ ਦਾ ਸਪੱਸ਼ਟੀਕਰਨ ਕਰੋ

- ਮੈਨੂੰ ਕਿਸੇ ਵੀ ਮੌਕਿਆਂ ਅਤੇ ਵਿਕਲਪਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ ਜੋ ਮੇਰੇ ਅਤੇ ਮੇਰੇ ਬੱਚੇ ਲਈ ਢੁਕਵੇਂ ਹਨ
- ਮੇਰੇ ਯੋਗਦਾਨਾਂ ਨੂੰ ਸਵੀਕਾਰ ਅਤੇ ਉਤਸ਼ਾਹਿਤ ਕੀਤਾ ਜਾਂਦਾ ਹੈ

### ਇਸ ਬਾਰੇ ਸਪੱਸ਼ਟ ਰਹੋ ਕਿ ਫੈਸਲੇ ਕਿਵੇਂ ਲਏ ਜਾਂਦੇ ਹਨ

- ਮੈਨੂੰ ਲਏ ਗਏ ਫੈਸਲਿਆਂ ਅਤੇ ਉਹਨਾਂ ਦੇ ਸੰਭਾਵੀ ਨਤੀਜਿਆਂ ਬਾਰੇ ਸਪੱਸ਼ਟ ਵਿਆਖਿਆ ਦਿੱਤੀ ਜਾਂਦੀ ਹੈ

### ਮੈਨੂੰ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਕਰੋ

- ਮੇਰੇ ਬੱਚੇ ਦੀ ਸਿੱਖਿਆ ਬਾਰੇ ਫੈਸਲਿਆਂ ਵਿੱਚ ਮੇਰੇ ਦ੍ਰਿਸ਼ਟੀਕੋਣ ਦਾ ਸੁਆਗਤ ਅਤੇ ਵਿਚਾਰ ਕੀਤਾ ਜਾਂਦਾ ਹੈ